BRAMPTON Flower City brampton.ca

media release

ਤੁਰੰਤ ਰਿਲੀਜ ਲਈ

## ਬ੍ਰੈਂਪਟਨ ਨੇ ਮਹੱਤਵਪੂਰਨ ਉਪਲਬਧੀ ਇਲੈਕਟ੍ਰਿਕ ਬੱਸ ਪਾਇਲਟ ਪ੍ਰੋਜੈਕਟ ਲਈ $11.15 ਮਿਲੀਅਨ ਨਿਵੇਸ਼ ਸੁਰੱਖਿਅਤ ਕੀਤਾ

ਬ੍ਰੈਂਪਟਨ, ਓਨਟੈਰੀਓ (29 ਜੁਲਾਈ, 2019) – ਅੱਜ, ਬ੍ਰੈਂਪਟਨ ਸਿਟੀ ਕਾਉਂਸਿਲ (Brampton City Council) ਦੇ ਵੱਲੋਂ ਮੇਅਰ ਪੈਟਰਿਕ ਬ੍ਰਾਊਨ ਨੇ ਬ੍ਰੈਂਪਟਨ ਵਿੱਚ ਮੁੱਖ ਉਪਲਬਧੀ ਪੈਨ-ਕੈਨੇਡਿਅਨ ਇਲੈਕਟ੍ਰਿਕ ਬੱਸ ਡੇਮੋਨਸਟ੍ਰੇਸ਼ਨ ਐਂਡ ਇੰਟੀਗ੍ਰੇਸ਼ਨ ਟ੍ਰਾਇਲ (Pan-Canadian Electric Bus Demonstration and Integration Trial) ਵਿੱਚ ਕੈਨੇਡਾ ਸਰਕਾਰ (Government of Canada) ਵੱਲੋਂ ਵੱਡੇ ਨਿਵੇਸ਼ ਦਾ ਸੁਆਗਤ ਕੀਤਾ।

ਸਨਮਾਨਯੋਗ ਮਿਨਿਸਟਰ ਆਫ ਐਨਵਾਇਰਨਮੈਂਟ ਐਂਡ ਕਲਾਈਮੇਟ ਚੇਂਜ, ਕੈਥਰੀਨ ਮੈਕੀਨਾ (Catherine McKenna) ਨੇ ਪਾਇਲਟ ਪ੍ਰੋਜੈਕਟ ਦੇ ਫੇਜ 1 ਵਿੱਚ $11.15 ਦਾ ਫੰਡ ਦੇਣ ਦੀ ਘੋਸ਼ਣਾ ਕੀਤੀ। ਇਹ ਪ੍ਰੋਜੈਕਟ ਬ੍ਰੈਂਪਟਨ ਵਿੱਚ ਬੈਟਰੀ ਨਾਲ ਚੱਲਣ ਵਾਲੀਆਂ ਇਲੈਕਟ੍ਰਿਕ ਬੱਸਾਂ ਦਾ ਪਰੀਖਣ ਕਰੇਗਾ।

ਇਸ ਤਰ੍ਹਾਂ ਦਾ ਪਹਿਲਾ ਪ੍ਰੋਜੈਕਟ, ਬ੍ਰੈਂਪਟਨ ਟ੍ਰਾਂਜ਼ਿਟ (Brampton Transit) ਅਤੇ ਕੈਨੇਡਿਅਨ ਅਰਬਨ ਟ੍ਰਾਂਜ਼ਿਟ ਰਿਸਰਚ ਐਂਡ ਇਨੋਵੇਸ਼ਨ ਕੋਨਸੋਰਟੀਅਮ (ਸੀ.ਯੂ.ਟੀ.ਆਰ.ਆਈ.ਸੀ.) (Canadian Urban Transit Research and Innovation Consortium) (CUTRIC), ਪੂਰੀ ਤਰ੍ਹਾਂ ਇਲੈਕਟ੍ਰਿਕ ਬੱਸਾਂ ਦੇ ਨਿਰਮਾਤਾਵਾਂ, ਨਿਊ ਫਲਾਇਰ ਇੰਡਸਟ੍ਰੀਜ (New Flyer Industries) ਅਤੇ ਨੋਵਾ ਬੱਸ (Nova Bus) ਅਤੇ ਚਾਰਜਿੰਗ ਸਟੇਸ਼ਨ ਨਿਰਮਾਤਾਵਾਂ ਏ.ਬੀ.ਬੀ. (ABB) ਅਤੇ ਸੀਮਨਸ (Siemens) ਦੇ ਵਿਚਕਾਰ ਜਾਰੀ ਸਹਿਯੋਗ ਦਾ ਨਤੀਜਾ ਹੈ। ਬੇਮਿਸਾਲ ਪਹਿਲਦਕਦਮੀ ਨੇ ਬ੍ਰੈਂਪਟਨ ਵਿੱਚ ਇਲੈਕਟ੍ਰਿਕ ਬੱਸਾਂ ਨੂੰ ਲਾਗੂ ਕਰਨ ਲਈ ਸਰਕਾਰ ਦੇ ਕਈ ਅਦਾਰਿਆਂ, ਬੱਸ ਅਤੇ ਚਾਰਜਰ ਨਿਰਮਾਤਾਵਾਂ, ਸਿਸਟਮ ਇੰਟੀਗ੍ਰੇਟਰਾਂ, ਸਿੱਖਿਆ ਸਬੰਧੀ ਭਾਈਚਾਰਿਆਂ ਅਤੇ ਫੰਡਿੰਗ ਸਾਂਝੇਦਾਰਾਂ ਨੂੰ ਇਕੱਠੇ ਲਿਆਂਦਾ ਹੈ।

ਇਹ ਅੱਠ ਇਲੈਕਟ੍ਰਿਕ ਬੱਸਾਂ (ਨਿਊ ਫਲਾਇਰ ਇੰਡਸਟ੍ਰੀਜ ਵੱਲੋਂ ਛੇ ਅਤੇ ਨੋਵਾ ਬੱਸ ਵੱਲੋਂ ਦੋ) ਅਤੇ ਚਾਰ ਚਾਰਜਿੰਗ ਸਿਸਟਮਾਂ (ਏ.ਬੀ.ਬੀ. ਗਰੁੱਪ ਵੱਲੋਂ ਤਿੰਨ ਅਤੇ ਸੀਮਨਸ ਵੱਲੋਂ ਇੱਕ) ਦੇ ਨਾਲ, ਸਟੈਂਡਰਡਰਾਇਜ਼ਡ ਅਤੇ ਪੂਰੀ ਤਰ੍ਹਾਂ ਇੰਟਰਓਪਰੇਟੇਬਲ ਬੈਟਰੀ ਇਲੈਕਟ੍ਰਿਕ ਬੱਸਾਂ ਅਤੇ ਉੱਚ ਪਾਵਰ ਵਾਲੇ ਓਵਰਹੈੱਡ ਓਨ-ਰੂਟ ਚਾਰਜਿੰਗ ਸਿਸਟਮਾਂ ਦੀ ਸਭ ਤੋਂ ਵੱਡੀ ਸਿੰਗਲ ਗਲੋਬਲ ਪਾਲਬੰਦੀ (ਡਿਪਲਾਇਮੈਂਟ) ਹੋਵੇਗੀ।

ਜ਼ੀਰੋ ਟੇਲਪਾਈਪ ਨਿਕਾਸੀਆਂ ਵਾਲੀਆਂ ਸ਼ਾਨਦਾਰ ਬੈਟਰੀ ਵਾਲੀਆਂ ਇਲੈਕਟ੍ਰਿਕ ਬੱਸਾਂ, ਬ੍ਰੈਂਪਟਨ ਵਿੱਚ ਦੋ ਮੌਜੂਦਾ ਪਰੰਪਰਿਕ ਰੂਟਾਂ ਤੇ ਸ਼ੁਰੂ ਕੀਤੀਆਂ ਜਾਣਗੀਆਂ: ਇਹ ਰੂਟ ਹਨ, 23 ਸੈਂਡਲਵੁੱਡ (23 Sandalwood) ਅਤੇ 26 ਮਾਊਂਟ ਪਲੈਜ਼ੈਂਟ (26 Mount Pleasant)। ਨਵੇਂ ਓਵਰਹੈੱਡ ਓਨ-ਰੂਟ ਚਾਰਜਿੰਗ ਸਟੇਸ਼ਨ, ਮਾਊਂਟ ਪਲੈਜ਼ੈਂਟ ਵਿਲੇਜ (Mount Pleasant Village) ਟਰਮੀਨਲ, ਕਵੀਨ ਸਟ੍ਰੀਟ/ਹਾਈਵੇ 50 ਜ਼ੂਮ (Queen Street/Highway 50 Züm) ਸਟੇਸ਼ਨ ਅਤੇ ਸੈਂਡਲਵੁੱਡ ਟ੍ਰਾਂਜ਼ਿਟ ਫੈਸਿਲਿਟੀ (Sandalwood Transit Facility) ਵਿਖੇ ਸ਼ੁਰੂ ਕੀਤੇ ਜਾਣਗੇ। ਪੂਰੇ ਪ੍ਰੋਜੈਕਟ ਦਾ ਖ਼ਰਚ ਅਨੁਮਾਨਿਤ $15.96 ਮਿਲੀਅਨ ਹੋਵੇਗਾ।

ਇਲੈਕਟ੍ਰਿਕ ਬੱਸਾਂ ਬ੍ਰੈਂਪਟਨ ਦੀਆਂ ਸੜਕਾਂ ‘ਤੇ 2020 ਦੇ ਅੰਤ/2021 ਦੇ ਸ਼ੁਰੂ ਵਿੱਚ ਪਹੁੰਚ ਜਾਣਗੀਆਂ।

ਬ੍ਰੈਂਪਟਨ ਟ੍ਰਾਂਜ਼ਿਟ ਅਜਿਹੀ ਉੱਚ-ਕਿਸਮ ਦੀ ਸੇਵਾ ਮੁਹੱਈਆ ਕਰਨ ਲਈ ਨਵੇਂ ਅਤੇ ਨਵੀਨਤਾਕਾਰੀ ਹੱਲਾਂ ਵਿੱਚ ਵਾਧਾ ਕਰਨ ਲਈ ਵਚਨਬੱਧ ਹੈ, ਜੋ ਸਿਟੀ ਦੇ ਵਾਤਾਵਰਨ ਵਿੱਚ ਛੱਡੀ ਜਾਣ ਵਾਲੀ ਸਮੁੱਚੇ ਕਾਰਬਨ ਦੀ ਮਾਤਰਾ ਅਤੇ ਗ੍ਰੀਨਹਾਊਸ ਗੈਸ (ਜੀ.ਐਚ.ਜੀ.) ਨਿਕਾਸੀਆਂ ਨੂੰ ਘੱਟ ਕਰਦੀ ਹੈ। ਬ੍ਰੈਂਪਟਨ ਟ੍ਰਾਂਜ਼ਿਟ ਇਸ ਵੇਲੇ ਆਪਣੇ ਫਲੀਟ ਵਿੱਚ 121 ਡੀਜਲ-ਇਲੈਕਟ੍ਰਿਕ ਹਾਈਬ੍ਰਿਡ ਜ਼ੂਮ ਬੱਸ ਦੀਆਂ ਤੀਬਰ ਟ੍ਰਾਂਜ਼ਿਟ  ਬੱਸਾਂ ਸਮੇਤ, 441 ਬੱਸਾਂ ਚਲਾਉਂਦੀ ਹੈ।

**ਹਵਾਲੇ**

"ਚੰਗੀ ਤਰ੍ਹਾਂ ਜੁੜਿਆ ਟ੍ਰਾਂਜ਼ਿਟ ਨੈੱਟਵਰਕ, ਕੈਨੇਡਾ ਦੇ ਇਨੋਵੇਸ਼ਨ ਕੋਰੀਡੋਰ ਬਾਰੇ ਸਾਡੀ ਪੋਜੀਸ਼ਨ ਦਾ ਨਿਰਮਾਣ ਕਰਨ ਲਈ ਮਹੱਤਵਪੂਰਨ ਹੈ। ਅੱਜ ਦੀ ਘੋਸ਼ਣਾ, ਬ੍ਰੈਂਪਟਨ ਦੇ ਕੋਰੀਡੋਰ ਵਿੱਚ ਹੋਰ ਨਵੀਨਤਾ ਲਿਆਵੇਗੀ ਅਤੇ ਸਥਿਰ ਟ੍ਰਾਂਸਪੋਰਟੇਸ਼ਨ ਵਿੱਚ ਬ੍ਰੈਂਪਟਨ ਨੂੰ ਲੀਡਰ ਦੀ ਪੋਜੀਸ਼ਨ ਤੇ ਲਿਆਵੇਗੀ। ਨਵੀਆਂ ਈ-ਬੱਸਾਂ ਸਾਡੇ ਵਾਤਾਵਰਣ ਵਿੱਚ ਛੱਡੀ ਜਾਣ ਵਾਲੀ ਕਾਰਬਨ ਦੀ ਮਾਤਰਾ ਨੂੰ ਘਟਾਉਣ ਅਤੇ ਗ੍ਰੀਨ ਸਿਟੀ ਦਾ ਨਿਰਮਾਣ ਕਰਨ ਲਈ ਕਾਉਂਸਿਲ ਦੀ ਵਚਨਬੱਧਤਾ ਲਈ ਸ਼ਾਖ ਹੈ।"

- *ਮੇਅਰ ਪੈਟਰਿਕ ਬ੍ਰਾਊਨ (Patrick Brown)*

"ਬ੍ਰੈਂਪਟਨ ਸਿਟੀ ਕਾਉਂਸਿਲ, ਜਲਵਾਯੂ ਸਬੰਧੀ ਐਮਰਜੈਂਸੀ ਘੋਸ਼ਿਤ ਕਰਨ ਲਈ 35 ਹੋਰ ਮਿਊਨਿਸੀਪਲਟੀਜ਼ ਨਾਲ ਜੁੜੀ ਹੈ। ਈ-ਬੱਸ ਦੀ ਸ਼ੁਰੂਆਤ ਬ੍ਰੈਂਪਟਨ ਵਿੱਚ ਪੈਦਾ ਹੋਣ ਵਾਲੀਆਂ ਗ੍ਰੀਨਹਾਊਸ ਗੈਸ ਨਿਕਾਸੀਆਂ ਨੂੰ 2050 ਤੱਕ 80 ਪ੍ਰਤੀਸ਼ਤ ਤੱਕ ਘਟਾਉਣ ਦੇ ਸਾਡੇ ਸਫ਼ਰ ਵਿੱਚ ਵੱਡੀ ਉਪਲਬਧੀ ਹੋਵੇਗੀ। ਅਸੀਂ ਉਤਸ਼ਾਹਿਤ ਹਾਂ ਅਤੇ ਇਸ ਉੱਦਮ ਵਿੱਚ ਸਾਡੇ ਸਾਰੇ ਸਾਂਝੇਦਾਰਾਂ ਦੇ ਧੰਨਵਾਦੀ ਹਾਂ।"

- *ਕਾਉਂਸਲਰ ਰੋਵੇਨਾ ਸੈਨਟੋਸ (Rowena Santos), ਚੇਅਰ ਆਫ ਕਮਿਊਨਿਟੀ ਸਰਵਿਸਿਜ*

"ਬ੍ਰੈਂਪਟਨ ਟ੍ਰਾਂਜ਼ਿਟ ਨੇ ਸਾਡੇ ਗਾਹਕਾਂ ਨੂੰ ਸਰਬੋਤਮ ਸੇਵਾ ਮੁਹੱਈਆ ਕਰਨ ਲਈ ਪਿਛਲੇ ਕਈ ਸਾਲਾਂ ਵਿੱਚ ਬਹੁਤ ਸਾਰੀਆਂ ਨਵੀਆਂ ਤਕਨੀਕਾਂ ਅਤੇ ਪਹਿਲਕਦਮੀਆਂ ਪੇਸ਼ ਕੀਤੀਆਂ ਹਨ। ਇਹ ਅਜਿਹਾ ਪ੍ਰੋਜੈਕਟ ਹੈ, ਜਿਸ ਵਿੱਚ ਅਸੀਂ ਨਵੀਆਂ ਅਤੇ ਨਵੀਨਤਾਕਾਰੀ ਤਕਨੀਕਾਂ ਦਾ ਪਰੀਖਣ ਕਰ ਰਹੇ ਹਾਂ। ਸਾਨੂੰ ਇਸ ਵਿਸ਼ਵਵਿਆਪੀ ਪਹਿਲੇ ਪ੍ਰੋਜੈਕਟ ਦੀ ਉੱਨਤੀ ਦੇਖ ਕੇ ਮਾਣ ਹੈ ਅਤੇ ਅਸੀਂ ਇਸ ਨੂੰ ਲੈ ਕੇ ਉਤਸ਼ਾਹਿਤ ਹਾਂ।"

- *ਐਲੇਕਸ ਮਿਲੋਜੇਵਿਕ (Alex Milojevic), ਜਨਰਲ ਮੈਨੇਜਰ, ਬ੍ਰੈਂਪਟਨ ਟ੍ਰਾਂਜ਼ਿਟ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।


**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਊਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਊਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca